ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)

ਪੰਜਾਬ।

ਮੀਮੋ ਨੰ: 1/17-2020 GP.2(1)

ਮਿਤੀ: 11-8-2020

**ਵਿਸ਼ਾ:- ਪ੍ਰਾਈਵੇਟ ਸਕੂਲਾਂ ਦੀਆਂ ਸ਼ਿਕਾਇਤਾਂ ਦੇ ਆਨ-ਲਾਈਨ ਨਿਪਟਾਰੇ ਸਬੰਧੀ।**

ਕੋਵਿਡ-19 ਕਾਰਨ ਆਮ ਪਬਲਿਕ ਵੱਲੋਂ ਪ੍ਰਾਈਵੇਟ ਸਕੂਲਾਂ ਵਿਰੁੱਧ ਬਹੁਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਇਨ੍ਹਾਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਇੱਕ ਪੋਰਟਲ ਤਿਆਰ ਕੀਤਾ ਗਿਆ ਹੈ। ਇਸ ਪੋਰਟਲ ਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਨਵੀਂ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੋਵੇਗੀ:-

1.0 ਸ਼ਿਕਾਇਤ-ਕਰਤਾ ਦੁਆਰਾ ਪ੍ਰਾਈਵੇਟ ਸਕੂਲਾਂ ਸਬੰਧੀ ਕੋਈ ਵੀ ਸ਼ਿਕਾਇਤ ਈ.ਮੇਲ ਜਾਂ ਲਿਖਤੀ ਪ੍ਰਾਪਤ ਹੁੰਦੀ ਹੈ ਤਾਂ ਸਬੰਧਤ ਸ਼ਾਖਾ ਦੀ ਜਿੰਮੇਵਾਰੀ ਹੋਵੇਗੀ ਕਿ ਉਸਨੂੰ ਪੋਰਟਲ ਤੇ ਵੀ ਅੱਪਲੋਡ ਕੀਤਾ ਜਾਵੇ।

2.0 ਇਸ ਪ੍ਰਕਿਰਿਆ ਸਬੰਧੀ ਪੋਰਟਲ ਤੇ ਪ੍ਰਾਪਤ ਹੋਈ ਸ਼ਿਕਾਇਤ ਸਿੱਧੇ ਤੌਰ ਤੇ ਸਬੰਧਤ ਸ਼ਾਖਾ ਦੇ ਡੀਲਿੰਗ ਨੂੰ ਜਾਵੇਗੀ।

3.0 ਸ਼ਾਖਾ ਦੇ ਡੀਲਿੰਗ ਵੱਲੋਂ ਤੁਰੰਤ ਇਸ ਸ਼ਿਕਾਇਤ ਨੂੰ ਸਬੰਧਤ ਸਕੂਲ ਨੂੰ ਸਕੂਲ ਦੇ ਈ.ਮੇਲ ਤੇ ਭੇਜਿਆ ਜਾਵੇਗਾ। ਪ੍ਰਾਈਵੇਟ ਸਕੂਲਾਂ ਨੂੰ ਸ਼ਿਕਾਇਤਾਂ epunjabschool.gov.in ਪੋਰਟਲ ਰਾਹੀਂ School Login ਅਧੀਨ ਭੇਜੀਆਂ ਜਾਣਗੀਆਂ ਅਤੇ ਪੋਰਟਲ ਉੱਤੇ ਹੀ ਸਕੂਲਾਂ ਵੱਲੋਂ reply ਕੀਤਾ ਜਾਵੇਗਾ।

4.0 ਵਿਭਾਗ ਵੱਲੋਂ ਜੁਆਬ ਨੂੰ ਵਾਚਣ ਉਪਰੰਤ ਤੁਰੰਤ ਉਸ ਤੇ ਨਿਯਮਾਂ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਉਕਤ ਮਿਤੀ:

ਉਤਾਰਾ ਡੀ.ਪੀ.ਆਈ.(ਸੈ.ਸਿ./ਐ.ਸਿ.), ਪੰਜਾਬ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ ਸਕੂਲ ਸਿੱਖਿਆ**

Scanned with CamScanner